# ਫਰਵਰੀ 2020 ਵਿਚ ਐਬਟਸਫੋਰਡ ਸਿਟੀ ਵਿੱਚ ਕੀ ਕੀ ਹੋਣ ਜਾ ਰਿਹੈ?

ABBOTSFORD

### ਐਬਟਸਫੋਰਡ ਤੈਨੂੰ ਤੇਰੇ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ!

ਇਸ ਸਾਲ ਐਬਟਸਫੋਰਡ ਆਪਣੇ 25 ਵੇਂ ਜਨਮ ਦਿਨ ਦੇ ਜਸ਼ਨ ਮਨਾਵੇ ਗਾ, ਆਪ ਸਭ ਨੂੰ ਇਨ੍ਹਾ ਜਸ਼ਨਾ ਵਿੱਚ ਸ਼ਾਮਲ ਹੋਣ ਦਾ ਸੱਦਾ ਹੈ। ਹੋਰ ਜਾਣਕਾਰੀ abbotsford.ca/25years ਤੋਂ ਲਵੋ।

ABBOTSFORD CELEBRATING 25 YEARS OF COMMUNITY

### ਬਸੰਤ ਰੁੱਤ ਦੇ ਬੱਸ ਟੂਰ

ਪਾਰਕ ਮਨਪ੍ਰਚਾਵੇ ਅਤੇ ਸੱਭਿਆਚਾਰ ਸੰਸਥਾ ਵਲੋਂ ਇਸ ਬਹਾਰ ਰੁੱਤ ਵਿੱਚ ਬੱਸਾਂ ਰਾਹੀਂ ਟੂਰ ਕਰਨੇ ਉਲੀਕੇ ਹਨ ਜਿਨ੍ਹਾ ਰਾਹੀਂ ਦੂਰ ਦੁਰਾਡੇ ਦੇ ਦਿਲਕਸ਼ ਸਥਾਨਾ ਤੇ ਲਿਜਾਇਆ ਜਾਵੇ ਗਾ ਜਿਵੇਂ ਵਿਕਟੋਰੀਆ, ਵੈਨਕੂਵਰ, ਵੈਨਕੂਵਰ ਸਿੰਮਫੋਨੀ ਆਰਕੈਸਟ੍ਰਾ ਅਤੇ ਸਕੈਮਸ਼ ਦਾ ਬਰੀਟਾਨੀਆਂ ਮਾਈਨ। ਇਹ ਟੂਰ 18 ਸਾਲ ਅਤੇ ਇਸ ਤੋਂ ਉਪਰ ਉਮਰ ਦੇ ਬਾਲਗਾਂ ਲਈ ਉਲੀਕੇ ਗਏ ਹਨ। ਆਪ ਘਰਾਂ ਤੋਂ ਬਾਹਰ ਆਵੋ, ਮਾੜੀਆਂ ਚੰਗੀਆਂ ਖੋਜਾਂ ਦੇ ਅਨੁਭਵੀ ਪਲਾਂ ਦੇ ਆਨੰਦ ਮਾਣੋ ਅਤੇ ਨਵੇਂ ਨਵੇਂ ਲੋਕਾਂ ਨਾਲ਼ ਮਿਲਾਪ ਕਰੋ। ਹੋਰ ਜਾਣਕਾਰੀ ਵਾਸਤੇ direct2rec.com ਤੇ ਜਾਵੋ।



### ਨਵੇਂ ਸਟੈਪ ਕੋਡਸ ਤੋਂ ਜਾਣੂ ਹੋਣਾ ਸਮੇਂ ਦੀ ਲੋੜ:

ਬਿਲਡਰਜ਼ ਅਤੇ ਰੈਨੋਵੇਟਰ ਅਦਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ1 ਅਪਰੈਲ ਨੂੰ ਬਿਲਡਿੰਗ ਇਨਰਜੀ ਦੇ ਨਵੇਂ ਸਟੈਪਸ, ਪਾਰਟ 9 ਅਤੇ ਪਾਰਟ 3 ਬਿਲਡਿੰਗਸ ਲਈ ਕੋਡ ਹੋਣਾ ਜ਼ਰੂਰੀ ਹੈ। ਹੋਰ ਜਾਣਕਾਰੀ ਵਾਸਤੇ energystepcode.ca ਤੇ ਜਾਵੋ।

### ਮੇਅਰ ਨਾਲ ਬਰੇਕਫਾਸਟ ਕਰਨ ਲਈ ਇੱਕ ਦਿਨ ਰਾਖਵਾਂ ਰੱਖੋ:

ਮੇਅਰ ਦੇ 6 ਵੇਂ ਸਾਲਾਨਾ ਬਰੇਕਫਾਸਟ ਤੇ 13 ਮਈ ਨੂੰ ਟਰੇਡਿਕਸ ਤੇ ਦਰਸ਼ਨ ਦਿਓ ਅਤੇ ਐਬਟਸਫੋਰਡ ਦੇ 25ਵੇਂ ਜਨਮ ਦਿਨ ਜਸ਼ਨਾ ਦੇ ਪਾਤਰ ਬਣੋ। ਟਿਕਟਾਂ ਮਾਰਚ ਵਿੱਚ ਉਪਲਬਦ ਹੋਣ ਗੀਆਂ। ਹੋਰ ਜਾਣਕਾਰੀ ਵਾਸਤੇ abbotsford.ca ਤੇ ਜਾਵੋ।

### ਕਰਬਸਾਈਡ ਕੁਲੈਕਸ਼ਨ ਵਿੱਚ ਤਬਦੀਲੀਆਂ



ਨਵੇਂ ਆਟੋਮੈਟਿਕ ਟਰੱਕਾਂ ਦੇ ਸ਼ੁਰੂ ਕਰਨ ਨਾਲ਼ ਕਰਬ ਸਾਈਡ ਕੁਲੈਕਸ਼ਨ ਗਤੀਆਂ ਵਿੱਚ ਤਬਦੀਲੀ ਕੀਤੀ ਗਈ ਹੈ, ਇਸ ਦੀ ਪੂਰੀ ਜਾਣਕਾਰੀ ਸ਼ਹਿਰ ਵਾਸੀਆਂ ਨੂੰ ਅਗਲੇ ਕੁਝ ਮਹੀਨਿਆਂ ਦੇ ਵਿੱਚ ਦੇ ਦਿੱਤੀ ਜਾਵੇਗੀ ਜੇ ਆਪ ਲੇਟ ਤੋਂ ਲੇਟ ਉਲੀਕੇ ਗਏ ਪ੍ਰੋਗਰਾਮਾ ਤੇ ਝਾਤੀ ਮਾਰਨੀ ਹੈ ਤਾਂ abbotsford.ca/curbside2020 ਤੇ ਜਾਵੋ।

### ਵਲੰਟੀਅਰਿੰਗ ਲਈ ਖਾਸ ਮੌਕੇ:

ਐਬਟਸਫੋਰਡ ਸਿਟੀ ਨੂੰ ਵਲੰਟੀਅਰ ਸੇਵਾਵਾਂ ਦੀ ਬਹੁਤ ਹੀ ਲੋੜ ਹੈ ਜੇ ਤੁਸੀਂ ਵਲੰਟੀਅਰ ਸੇਵਾਵਾਂ ਕਰਨ ਲਈ ਮਨ ਰੱਖਦੇ ਹੋ ਤਾਂ ਆਪਣੀ ਅਰਜ਼ੀ ਭੇਜਣ ਵਾਸਤੇ abbotsford.ca/volunteer ਤੇ ਜਾਵੋ।

### ਹੈਰਾਨੀ ਭਰਪੂਰ ਬਹਾਰ (ਸਪਰਿੰਗ ਡੇਜ਼)

ਸਪਰਿੰਗ ਦੇ ਵਿਹਲੇ ਦਿਨਾ ਵਾਸਤੇ ਅੱਜ ਹੀ ਰਜਿਸਟਰ ਹੋਵੋ ਕਿਉਂਕਿ ਸਪਰਿੰਗ ਬਰੇਕ ਕੈਂਪ ਲੱਗ ਰਹੇ ਹਨ ਜਿਨ੍ਹਾ ਵਿੱਚ ਆਪ ਜੀ ਨੂੰ ਪਾਰਕਾਂ ਵਿਚਲੇ ਪ੍ਰੋਗਰਾਮਾ, ਮਨਪਰਚਾਵਿਆਂ, ਸੱਭਿਆਚਾਰਕ ਗਤੀਆਂ ਨਾਲ ਨਿਹਾਲ ਕੀਤਾ ਜਾਵੇ ਗਾ। ਜਿਵੇਂ ਸਵਿੱਮਿੰਗ, ਡਾਂਸਿੰਗ, ਜਾਦੂਗਰੀ ਕਰਾਮਾਤਾਂ, ਆਰਟ ਅਤੇ ਸਪੋਰਟਸ ਪ੍ਰੋਗਰਾਮ ਆਦਿਕ। ਆਪ ਔਨ ਲਾਈਨ ਰਜਿਸਟਰ ਹੋਵੋ direct2rec.ca



### ਆਵੋ ਸੱਭਿਆਚਾਰ ਦੀ ਚਰਚਾ ਕਰੀਏ

ਤੁਹਾਡੇ ਵਾਸਤੇ ਸੱਭਿਆਚਾਰ ਦੇ ਕੀ ਅਰਥ ਹਨ? ਸਾਡੇ ਔਨਲਾਈਨ ਸਰਵੇ ਤੋਂ ਜਾਣੂ ਹੋਵੋ ਅਤੇ ਮੁਫਤ ਵਿੱਚ ਲੱਗ ਰਹੀ ਕੋਮੁਨਿਟੀ ਵਰਕਸ਼ੌਪ ਲਈ ਸਾਈਨ ਕਰੋ। ਹੋਰ ਜਾਨਣ ਵਾਸਤੇ letstalkabbotsford.ca/culturestrategy ਤੇ ਜਾਵੋ।

### ਸਿਟੀ ਕੌਂਸਿਲ ਬਰੌਡਕਾਸਟ

ਸਿਟੀ ਕਾਉਂਸਿਲ ਦੀਆਂ ਮੀਟਿੰਗਾਂ ਅਤੇ ਏਜੰਡਿਆਂ ਦੀ ਪੂਰੀ ਜਾਣਕਾਰੀ abbotsford.ca/councilagendas ਤੇ ਉਪਲਬਦ ਹੈ।



### ਕੌਂਸਿਲ ਮੀਟਿੰਗਾਂ ਦੀ ਸੂਚੀ

**ਫਰਵਰੀ 24**
ਸ਼ਾਮ 3 ਵਜੇ ਐਗਜ਼ੈਕਟਿਵ ਮੀਟਿੰਗ
ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕਾਉਂਸਿਲ

**ਮਾਰਚ 2**
ਬਾਅਦ ਦੁਪਿਹਰ
1 ਵਜੇ ਕਮੇਟੀ ਔਫ ਦੀ ਹੋਲ (ਕਮਰਾ ਨੰ 530)

**ਮਾਰਚ 9**
ਸ਼ਾਮ 3 ਵਜੇ ਐਗਜ਼ੈਕਟਿਵ ਕਮੇਟੀ
ਸ਼ਾਮ 7 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕੌਂਸਿਲ

**ਮਾਰਚ 16**
ਬਾਅਦ ਦੁਪਿਹਰ
1 ਵਜੇ ਕਮੇਟੀ ਆਫ ਦੀ ਹੋਲ (ਕਮਰਾ ਨੰ 530)

**ਮਾਰਚ 23**
ਸ਼ਾਮ 3 ਵਜੇ ਐਗਜ਼ੈਕਟਿਵ ਕਮੇਟੀ
ਸ਼ਾਮ 7 ਵਜੇ ਪਬਲਿਕ ਹੀਅਰਿੰਗ/ਰੈਗੂਲਰ ਕੌਂਸਿਲ

**ਮਾਰਚ 30**
ਕੋਈ ਮੀਟਿੰਗ ਨਹੀਂ

ABBOTSFORD 2020
CELEBRATING 25 YEARS OF COMMUNITY

ABBOTSFORD.CA | /CityofAbbotsford | @City_Abbotsford | @CityofAbbotsfordEvents